**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।**

**ਦਫਤਰੀ ਹੁਕਮ**

**ਨੰ: 4ਐਮਈ 2-ਪੰ:-13/** 322 **ਮਿਤੀ, ਚੰਡੀਗੜ੍ਹ:-** 10/01/2014

ਇਸ ਦਫਤਰੀ ਦੇ ਦਫਤਰੀ ਹੁਕਮ ਨੰ: 4 ਐਮ ਈ 2-ਪੰ-2013/ 20939 ਮਿਤੀ 26.12.2013 ਸ੍ਰੀ ਜਸਬੀਰ ਸਿੰਘ ਪੁੱਤਰ ਸ੍ਰੀ ਬਹਾਲ ਸਿੰਘ, ਆਰਟਿਸਟ-ਕਮ-ਫੋਟੋਗ੍ਰਾਫਰ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਦੀ ਤਰੱਕੀ ਬਤੌਰ ਫੋਟੋ ਆਰਟਿਸਟ ਤਨਖਾਹ ਸਕੇਲ ਰੁਪਏ 10300 - 34800 ਜਮਾ ਗਰੇਡ ਪੇ 3600 ਰੁਪਏ ਵਿਚ ਆਰਜੀ ਤੌਰ ਤੇ ਹੇਠ ਲਿਖਿਆਂ ਸਰਤਾਂ ਅਧੀਨ ਕੀਤੀ ਗਈ ਸੀ ਅਤੇ ਤਰੱਕੀ ਉਪਰੰਤ ਤੈਨਾਤੀ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਕੀਤੀ ਗਈ ਸੀ। ਇਸ ਕਰਮਚਾਰੀ ਦੇ ਤਰੱਕੀ ਉਪਰੰਤ ਤੈਨਾਤੀ ਦੇ ਹੁਕਮਾ ਵਿਚ ਸੋਧ ਕਰਦੇ ਹੋਏ ਇਸ ਦੀ ਤੈਨਾਤੀ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਖਾਲੀ ਅਸਾਮੀ ਵਿਰੁੱਧ ਹੇਠ ਲਿਖੀ ਸਰਤਾਂ ਤੇ ਹੀ ਕੀਤੀ ਜਾਂਦੀ ਹੈ:

1. ਇਹ ਤਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀ ਹੈ, ਜੇਕਰ ਇਹਨਾਂ ਆਸਾਮੀਆਂ ਲਈ ਵਿਚਾਰੇ ਗਏ ਕਰਮਚਾਰੀਆਂ ਵਿਚੋਂ ਕੋਈ ਕਰਮਚਾਰੀ ਇਹਨਾਂ ਤੋਂ ਸੀਨੀਅਰ ਪਾਇਆ ਗਿਆ ਤਾਂ ਜੂਨੀਅਰ ਕਰਮਚਾਰੀ ਨੂੰ ਤੁਰੰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

2. ਜੇਕਰ ਬਾਦ ਵਿਚ ਕਿਸੇ ਸਟੇਜ ਤੇ ਇਹ ਪਾਇਆ ਗਿਆ ਕਿ ਕੋਈ ਵੀ ਕਰਮਚਾਰੀ ਇਸ ਆਸਾਮੀ ਲਈ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਜਾਂ ਤਜਰਬਾ ਪੂਰਾ ਨਹੀਂ ਕਰਦਾ ਹੈ ਤਾਂ ਉਸ ਕਰਮਚਾਰੀ ਨੂੰ ਤੁਰੰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

3. ਇਹ ਤਰਕੀ ਕਾਰਨ ਨਵੀਂ ਆਸਾਮੀਂ ਤੇ ਹਾਜਰ ਹੋਣ ਕਾਰਣ ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮਾਂ ਤਸੱਲੀਬਖਸ ਤਰੀਕੇ ਨਾਲ ਪਾਰ ਕਰਨਾਂ ਪਵੇਗਾ, ਜੇਕਰ ਇਸ ਪਰਖ ਕਾਲ ਸਮੇਂ ਦੌਰਾਨ ਕਰਮਚਾਰੀ ਦਾ ਕੰਮ ਕਾਜ ਤਸਲੀਬਖਸ ਨਾ ਪਾਇਆ ਗਿਆ ਤਾਂ ਕਰਮਚਾਰੀ ਨੂੰ ਬਿਨਾਂ ਕੋਈ ਕਾਰਨ ਦਸੇ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

4. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ, 15 ਦਿਨਾਂ ਦੇ ਅੰਦਰ ਅੰਦਰ, ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁੰਦਾਂ ਤਾਂ ਉਸ ਦੀ ਤਰਕੀ ਦੇ ਹੁਕਮ ਰੱਦ ਸਮਝੇ ਜਾਣਗੇ ਅਤੇ ਕਰਮਚਾਰੀ ਨੂੰ ਇਸ ਤਰਕੀ ਤੇ ਵਿਚਾਰਣ ਲਈ 3 ਸਾਲ ਦੇ ਸਮੇਂ ਲਈ ਡਿਬਾਰ ਕੀਤਾ ਜਾਵੇਗਾ।

5. ਕਰਮਚਾਰੀ ਤੋਂ ਤਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਤੋਂ ਪਹਿਲਾਂ ਉਕਤ ਸਰਤਾਂ ਦੀ ਸਹਿਮਤੀ ਬਾਰੇ ਤਸਦੀਕਸੁਦਾ ਹਲਫਿਆ ਬਿਆਨ ਲੈ ਲਿਆ ਜਾਵੇ ਅਤੇ ਇਹ ਹਲਫਿਆ ਬਿਆਨ ਕਰਮਚਾਰੀਆਂ ਦੀ ਹਾਜਰੀ ਰਿਪੋਟ, ਜੋ ਸੰਸਥਾਂ ਦੇ ਮੁਖੀ ਵਲੋਂ ਸਹੀ ਕੀਤੀ ਹੋਵੇ, ਦੇ ਨਾਲ ਇਸ ਦਫਤਰ ਨੂੰ ਭੇਜੇ ਜਾਣ।

6. ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜੇਕਰ ਇਸ ਕਰਮਚਾਰੀਂ ਦੀ ਤਰੱਕੀ ਬਤੌਰ ਫੋਟੋ ਆਰਟਿਸਟ ਨਹੀਂ ਕੀਤੀ ਜਾਂਦੀ ਤਾਂ ਉਸਦੇ ਆਰਟਿਸਟ-ਕਮ-ਫੋਟੋਗ੍ਰਾਫਰ ਦੀ ਪੁਰਾਣੀ ਆਸਾਮੀ ਤੇ ਹੀ ਕੰਮ ਕਰਨਾ ਸੀ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**

**ਪਿੱਠ ਅੰ:ਨੰ:4ਐਮ.ਈ.2-ਪੰ:13/** 323-26 **ਮਿਤੀ ਚੰਡੀਗੜ੍ਹ:-** 10-1-14

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ। ਕਰਮਚਾਰੀਆਂ ਦੀ ਫਾਰਗੀ ਅਤੇ ਹਾਜਰੀ ਰਿਪੋਟਾਂ ਇਸ ਦਫਤਰ ਨੂੰ ਭੇਜੀਆਂ ਜਾਣ:-

1. ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ।
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਲਿਖਿਆ ਜਾਦਾ ਹੈ ਕਿ ਕਰਮਚਾਰੀ ਦੀ ਹਾਜਰੀ ਰਿਪੋਰਟ ਦੀ ਇਕ ਕਾਪੀ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਵੀ ਭੇਜੀ ਜਾਵੇ।
3. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ ਇਸ ਕਰਮਚਾਰੀ ਹਾਜਰੀ ਰਿਪੋਰਟ ਪੇਸ ਹੋਣ ਤੇ ਸ੍ਰੀ ਅਵਤਾਰ ਸਿੰਘ ਅਗਲੀ ਤੈਨਾਤੀ ਲਈ ਰਲੀਵ ਕਰ ਦਿੱਤਾ ਜਾਵੇ।
4. ਸ੍ਰੀ ਜਸਬੀਰ ਸਿੰਘ ਪੁੱਤਰ ਸ੍ਰੀ ਬਹਾਲ ਸਿੰਘ, ਆਰਟਿਸਟ-ਕਮ-ਫੋਟੋਗ੍ਰਾਫਰ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**